# ਪਗੜੀ ਸੰਭਾਲ ਜੱਟਾ

ਪੰਜਾਬ ਯੂਨੀਵਰਸਿਟੀ ਦੇ ਇਕ ਮਾਹਿਰ ਦੀ ਰਿਪੋਰਟ ਹੈ ਕਿ ਚੜ੍ਹਦੇ ਪੰਜਾਬ ਦੇ ਕਿਸਾਨਾਂ ਲਈ ਹੁਣ ਵਿਸਾਖੀ ਦਾ ਤਿਉਹਾਰ ਕੋਈ ਖ਼ੁਸ਼ੀ ਦਾ ਤਿਉਹਾਰ ਨਹੀਂ ਰਿਹਾ ਕਿਉਂਕਿ 65% ਕਿਸਾਨ ਕਰਜ਼ਿਆਂ ਦੀ ਜਕੜ ਵਿਚ ਹਨ। ਦਸਿਆ ਜਾਂਦਾ ਹੈ ਕਿ ਪੰਜਾਬ ਦੇ ਆਮ ਕਿਸਾਨ ਦੇ ਸਿਰ ਔਸਤਨ 45 ਹਜ਼ਾਰ ਰੁਪਏ ਕਰਜ਼ਾ ਹੈ ਅਤੇ ਸੂਦਖ਼ੋਰ 19-24 ਫੀ ਸਦੀ ਵਿਆਜ ਲੈਂਦੇ ਹਨ। ਇਹ ਕਰਜ਼ਾ ਸਾਰਿਆਂ ਸੂਬਿਆਂ ਨਾਲੋਂ ਜ਼ਿਆਦਾ ਹੈ। ਰਿਪੋਰਟ ਦੱਸਦੀ ਹੈ,

"ਇਹ ਉਹ ਰਾਜ ਹੈ ਜਿਹਨੂੰ ਮੁਲਕ ਦੇ ਅਨਾਜ ਦਾ ਭੰਡਾਰਾ ਕਿਹਾ ਜਾਂਦਾ ਹੈ। ਇਸ ਰਾਜ ਵਿਚ ਕੀ ਹੋ ਰਿਹਾ ਹੈ ਜਿਥੇ ਹਰਾ ਇਨਕਲਾਬ ਆਇਆ ਹੈ? ਇਸ ਬਾਰੇ ਸੋਚਣ ਦੀ ਲੋੜ ਹੈ ਅਤੇ ਮਸਲਿਆਂ ਦੇ ਹੱਲ ਲੱਭਣ ਦੀ ਲੋੜ ਹੈ ਨਹੀਂ ਤਾਂ ਸਾਰੇ ਮੁਲਕ ਵਿਚ ਸੰਗੀਨ ਹਾਲਾਤ ਪੈਦਾ ਹੋ ਸਕਦੇ ਹਨ।"

ਰਿਪੋਰਟ ਮੁਤਾਬਿਕ 36% ਕਿਸਾਨ ਹੁਣ ਖੇਤੀ ਬਾੜੀ ਦਾ ਜੱਦੀ ਪੁਸ਼ਤੀ ਧੰਦਾ ਛੱਡਣਾ ਚਾਹੁੰਦੇ ਹਨ ਕਿਉਂਕਿ ਹੁਣ ਇਹ ਲਾਹੇਵੰਦ ਨਹੀਂ। ਕਿਸਾਨਾਂ ਨੂੰ ਖੇਤੀ ਤੋਂ ਕੁਝ ਨਹੀਂ ਬਚਦਾ ਤੇ ਹਰ ਸਾਲ ਕਰਜ਼ਾ ਵੱਧ ਜਾਂਦਾ ਹੈ। ਲਾਗਤ ਵਧਦੀ ਜਾਂਦੀ ਹੈ ਅਤੇ ਉਸ ਹਿਸਾਬ ਨਾਲ ਫਸਲਾਂ ਦੀ ਕੀਮਤ ਨਹੀਂ ਮਿਲਦੀ। ਪੰਜਾਬ ਦੇ 73% ਕਿਸਾਨ ਖੇਤੀ ਬਾੜੀ ਕਰਨਾ ਹੁਣ ਪਸੰਦ ਨਹੀਂ ਕਰਦੇ ਅਤੇ ਹਿੰਦੁਸਤਾਨ ਦੇ ਦੂਸਰੇ ਸੂਬਿਆਂ ਵਿਚ ਵੀ 66% ਕਿਸਾਨ ਹੁਣ ਖੇਤੀ ਕਰਨਾ ਪਸੰਦ ਨਹੀਂ ਕਰਦੇ ਕਿਉਂਕਿ ਇਸ ਵਿਚ ਉਨ੍ਹਾਂ ਨੂੰ ਕੁਝ ਬਚਦਾ ਹੀ ਨਹੀਂ। ਜ਼ਿਆਦਾਤਰ ਕਿਸਾਨ ਮਹਿਸੂਸ ਕਰਦੇ ਹਨ ਕਿ ਛੋਟੇ ਕਿਸਾਨਾਂ ਲਈ ਖੇਤੀ ਬਾੜੀ ਹੁਣ ਲਾਹੇਵੰਦ ਨਹੀਂ ਰਹੀ। ਪੰਜਾਬ ਦੇ ਅਤੇ 76% ਕਿਸਾਨ ਛੋਟੇ ਅਤੇ ਗਰੀਬ ਕਿਸਾਨ ਹਨ। ਸਰਕਾਰੀ ਅੰਕੜਿਆਂ ਮੁਤਾਬਿਕ ਪੰਜਾਬ ਚ 65% ਕਿਸਾਨਾਂ ਕੋਲ ਜ਼ਮੀਨ ਦਾ 30% ਹਿੱਸਾ ਹੈ।

ਕੇਂਦਰੀ ਅਤੇ ਪੰਜਾਬ ਸਰਕਾਰ ਦੇ ਮਾਹਿਰ ਵੀ ਹੁਣ ਕਿਸਾਨਾਂ ਨੂੰ ਇਹੋ ਮੱਤ ਦੇ ਰਹੇ ਹਨ ਕਿ ਉਨ੍ਹਾਂ ਨੂੰ ਖੇਤੀ ਛੱਡ ਦੇਣੀ ਚਾਹੀਦੀ ਹੈ ਤੇ ਕਿਸੇ ਹੋਰ ਕਾਰੋਬਾਰ `ਚ ਪੈ ਜਾਣਾ ਚਾਹੀਦਾ ਹੈ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦਾ ਸਾਬਕਾ ਵਾਈਸ ਚਾਂਸਲਰ ਡਾਕਟਰ ਕਲਕੱਟ, ਜੋ ਹੁਣ ਪੰਜਾਬ ਸਟੇਟ ਫਾਰਮਰਜ਼ ਕਮਿਸ਼ਨ ਦਾ ਪ੍ਰਧਾਨ ਹੈ, ਹੁਣ ਕਿਸਾਨਾਂ ਨੂੰ ਇਹ ਰਾਏ ਦੇ ਰਹੇ ਹਨ ਕਿ ਉਨ੍ਹਾਂ ਨੂੰ ਕੋਈ ਛੋਟਾ ਮੋਟਾ ਕਾਰੋਬਾਰ ਜਾਂ ਨੌਕਰੀ ਕਰ ਲੈਣੀ ਚਾਹੀਦੀ ਹੈ ਅਤੇ ਉਹ ਇਸ ਲਈ ਸਰਕਾਰ ਨੂੰ ਸਿਫ਼ਾਰਸ਼ ਕਰ ਰਹੇ ਹਨ ਕਿ ਕਿਸਾਨਾਂ ਨੂੰ ਇਹੋ ਜਿਹਾ ਕੰਮ ਧੰਦਾ ਕਰਨ ਲਈ ਉਨ੍ਹਾਂ ਦੀ ਇਕ ਲੱਖ ਰੁਪਏ ਦੇ ਕੇ ਮਦਦ ਕਰੇ।

ਸਰਕਾਰੀ ਅਤੇ ਗੈਰ ਸਰਕਾਰੀ ਰਿਪੋਰਟਾਂ ਅਤੇ ਸਿਫ਼ਾਰਸ਼ਾਂ ਤੋਂ ਸਾਫ਼ ਜ਼ਾਹਿਰ ਹੈ ਕਿ ਪੰਜਾਬ ਸਰਕਾਰ ਅਤੇ ਕੇਂਦਰੀ ਸਰਕਾਰਾਂ ਕਿਸਾਨਾਂ ਦੇ ਮਸਲੇ ਹੱਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਰਖਦੀ। ਇਨ੍ਹਾਂ ਦੀ ਸਿਫ਼ਾਰਸ਼ ਤਾਂ ਇਹ ਹੀ ਹੈ ਕਿ ਕਿਸਾਨਾਂ ਨੂੰ ਖੇਤੀ ਬਾੜੀ ਛੱਡ ਕੇ ਕੁਝ ਹੋਰ ਕੰਮ ਧੰਦਾ ਜਾਂ ਨੌਕਰੀ ਕਰਨੀ ਚਾਹੀਦੀ ਹੈ ਜਿਸ ਨਾਲ ਇਨ੍ਹਾਂ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਵੱਡੇ ਜ਼ਿਮੀਂਦਾਰ ਜਾਂ ਕੰਪਨੀਆਂ ਖ਼ਰੀਦ ਕੇ ਆਪਣੇ ਕਬਜ਼ੇ ਵਿਚ ਕਰ ਲੈਣ। ਇਨ੍ਹਾਂ ਕੋਲ ਕਿਸਾਨਾਂ ਦੇ ਕਰਜ਼ਿਆਂ ਦਾ, ਉਨ੍ਹਾਂ ਦੀ ਗਰੀਬੀ ਦਾ, ਕੋਈ ਹੱਲ ਨਹੀਂ ਹੈ। ਅੱਜ ਕੱਲ ਪੰਜਾਬ ਵਿਚ ਇਕ ਲੱਖ ਰੁਪਏ ਨਾਲ ਕੋਈ ਵੀ ਇਹੋ ਜਿਹਾ ਕੰਮ ਨਹੀਂ ਸ਼ੁਰੂ ਹੋ ਸਕਦਾ ਜਿਹਦੇ ਨਾਲ ਇਕ ਕਿਸਾਨ ਦੇ ਪਰਿਵਾਰ ਦਾ ਗੁਜ਼ਾਰਾ ਹੋ ਸਕੇ। ਛੋਟੇ ਵਪਾਰੀ ਵੀ ਕਰਜ਼ੇ ਹੇਠ ਦੱਬੇ ਹੋਏ ਰੋ ਰਹੇ ਹਨ। ਬੇਰੁਜ਼ਗਾਰੀ ਵੀ ਦਿਨੋਂ ਦਿਨ ਵੱਧ ਰਹੀ ਹੈ। ਇਹ ਕਿਸਾਨ ਖੇਤੀ ਬਾੜੀ ਛੱਡ ਕੇ ਹੋਰ ਕੀ ਕਰਨ? ਸਰਕਾਰ ਉਨ੍ਹਾਂ ਨੂੰ ਬੜੇ ਸਬਜ਼ਬਾਗ ਵਿਖਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮਨਮੋਹਨ ਸਿੰਘ ਨੇ ਐਲਾਨ ਕੀਤਾ ਹੈ ਕਿ ਹੁਣ ਦੂਜੇ ਹਰੇ ਇਨਕਲਾਬ ਨਾਲ ਦਿਹਾਤੀ ਇਲਾਕਿਆਂ ਵਿਚ ਖ਼ੁਸ਼ਹਾਲੀ ਲਿਆਂਦੀ ਜਾਵੇਗੀ। ਕਿਸਾਨਾਂ ਨੂੰ ਇਹੋ ਜਿਹੇ ਲਾਰੇ 40 ਸਾਲ ਪਹਿਲਾਂ ਵੀ ਸਰਕਾਰ ਅਤੇ ਬੈਂਕਾਂ ਨੇ ਲਾਏ ਸੀ। ਪਰ ਕਿਸਾਨਾਂ ਵਿਚ ਕਰਜ਼ਾ ਅਤੇ ਖ਼ੁਦਕਸ਼ੀ ਵਧਦੇ ਹੀ ਜਾ ਰਹੇ ਹਨ ਅਤੇ ਵਧਦੇ ਰਹਿਣਗੇ।

ਕਿਸਾਨਾਂ ਨੂੰ ਆਪਣੀ ਕਿਸਮਤ ਦੇ ਫੈਸਲੇ ਆਪਣੇ ਹੱਥ ਵਿਚ ਹੀ ਲੈਣੇ ਪੈਣਗੇ। ਪੰਜਾਬ ਅਤੇ ਕੇਂਦਰੀ ਸਰਕਾਰ ਨੇ ਜੋ ਡਿਵੈਲਪਮੈਂਟ ਦਾ ਦੌਰ ਚਲਾਇਆ ਹੈ ਇਸ ਨਾਲ ਤਬਾਹੀ ਤੇ ਉਜਾੜਾ ਯਕੀਨੀ ਹੈ। ਕਿਸਾਨਾਂ ਸਿਰ ਚੜ੍ਹੇ ਹੋਏ ਕਰਜ਼ੇ ਇਸ ਹਰੇ ਇਨਕਲਾਬ ਅਤੇ ਡਿਵੈਲਪਮੈਂਟ ਦੇ ਹੀ ਨਤੀਜੇ ਹਨ। ਕਿਸਾਨਾਂ ਨੂੰ ਇਹ ਨਿਜ਼ਾਮ ਬਦਲਨਾ ਪਵੇਗਾ। ਉਨ੍ਹਾਂ ਨੂੰ ਇੱਕਮੁੱਠ ਹੋ ਕੇ ਮੰਡੀ ਅਤੇ ਸਰਕਾਰ ਦੀ ਹੈਂਕੜਸ਼ਾਹੀ ਨੂੰ ਅਤੇ ਆਪਣੀ ਬੇਵੱਸੀ ਨੂੰ ਖ਼ਤਮ ਕਰਨਾ ਪਵੇਗਾ। ਜਿਨ੍ਹਾਂ ਚਿਰ ਉਨ੍ਹਾਂ ਦੀ ਫਸਲ ਦੀਆਂ ਕੀਮਤਾਂ ਅਤੇ ਲਾਗਤ ਮਿਥਣਾ ਸਰਕਾਰ ਜਾਂ ਮੰਡੀ ਦੇ ਹੱਥ ਵਿਚ ਹੈ ਉੱਨਾਂ ਚਿਰ ਕਿਸਾਨਾਂ ਨੂੰ ਭੁੱਖ, ਕਰਜ਼ੇ ਅਤੇ ਗਰੀਬੀ ਤੋਂ ਛੁਟਕਾਰਾ ਮਿਲਣਾ ਮੁਮਕਿਨ ਨਹੀਂ। ਇਸ ਨਿਜ਼ਾਮ ਨੂੰ ਬਦਲ ਕੇ ਹੀ ਉਹ ਆਪਣੀ ਖ਼ੁਸ਼ਹਾਲੀ ਅਤੇ ਮੁਕਤੀ ਦੀ ਆਸ ਕਰ ਸਕਦੇ ਹਨ।

ਭੁੱਖ ਅਤੇ ਕਰਜ਼ੇ ਦੀ ਜਕੜ `ਚੋਂ ਨਿਕਲਣ ਲਈ ਉਨ੍ਹਾਂ ਨੂੰ ਸ਼ਹਿਰਾਂ ਦੇ ਮਜ਼ਦੂਰਾਂ, ਛੋਟੇ ਵਪਾਰੀਆਂ, ਮੁਲਾਜ਼ਮਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਨਾਲ ਰਲ ਕੇ ਇਸ ਨਿਜ਼ਾਮ ਦੇ ਖ਼ਿਲਾਫ਼ ਘੋਲ ਚਲਾਉਣ ਦੀ ਲੋੜ ਹੈ। ਅਕਾਲੀ ਪਾਰਟੀ, ਕਾਂਗਰਸ, ਭਾਜਪਾ , ਸੀ.ਪੀ.ਆਈ. (ਐਮ) ਜਾਂ ਹੋਰ ਕੋਈ ਵੀ ਸਿਆਸੀ ਪਾਰਟੀ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਰਖਦੀ। ਇਹ ਸਾਰੀਆਂ ਹੀ ਪਾਰਟੀਆਂ ਇਸੇ ਨਿਜ਼ਾਮ ਨੂੰ ਬਰਕਰਾਰ ਰੱਖਣ ਦੀਆਂ ਕਾਇਲ ਹਨ। ਇਨ੍ਹਾਂ ਦੀ ਮਦਦ ਨਾਲ ਕਿਸਾਨਾਂ ਦੀ ਪੱਗ ਨੂੰ ਸਰਕਾਰ ਅਤੇ ਮੰਡੀ ਆਪਣੇ ਪੈਰਾਂ ਹੇਠ ਲਿਤਾੜ ਰਹੇ ਹਨ। ਕਿਸਾਨਾਂ ਨੂੰ ਆਪਣੀ ਪੱਗ ਆਪ ਸੰਭਾਲਣੀ ਪਵੇਗੀ, ਆਪਣੇ ਮਸਲੇ ਆਪ ਹੱਲ ਕਰਨੇ ਪੈਣਗੇ। ਇਹਦੇ ਲਈ ਕਿਸਾਨਾਂ ਨੂੰ ਇਕੱਠੇ ਹੋ ਕੇ ਨੂੰ ਇਕ ਨਵੀਂ ਯੁੱਧ-ਨੀਤੀ ਬਣਾਉਣ ਦੀ ਲੋੜ ਹੈ।